# 14 ਨਵੰਬਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਸੁਰੱਖਿਅਤ ਰੂਪ ਨਾਲ ਮਨਾਓ

ਬ੍ਰੈਂਪਟਨ, ਓਨਟੈਰੀਓ (5 ਨਵੰਬਰ, 2020) – ਇਸ ਸਾਲ, ਦੀਵਾਲੀ (Diwali) ਅਤੇ ਬੰਦੀ ਛੋੜ ਦਿਵਸ (Bandi Chhor Diwas) ਦੇ ਜਸ਼ਨ ਥੋੜ੍ਹੇ ਅਲਗ ਹੋਣਗੇ ਕਿਉਂਕਿ ਭਾਈਚਾਰਾ ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਲਈ ਇਕੱਠੇ ਮਿਲ ਕੇ ਕੰਮ ਕਰ ਰਿਹਾ ਹੈ। ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਦੇ ਮੁਤਾਬਕ, ਸਿਟੀ ਨਿਵਾਸੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਸਿਰਫ਼ ਆਪਣੇ ਘਰ ਵਿੱਚ ਰਹਿਣ ਵਾਲੇ ਪਰਿਵਾਰਕ ਮੈਂਬਰਾਂ ਨਾਲ ਹੀ ਜਸ਼ਨ ਮਨਾਉਣ।

ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਨਵੇਂ ਅਤੇ ਰਚਨਾਤਮਕ ਤਰੀਕਿਆਂ ਨਾਲ ਜਸ਼ਨ ਮਨਾਉਣ ਤੇ ਵਿਚਾਰ ਕਰਨ, ਜਿਹਨਾਂ ਵਿੱਚ ਸ਼ਾਮਲ ਹਨ, ਦੋਸਤਾਂ, ਪਰਿਵਾਰ ਅਤੇ ਗਵਾਂਢੀਆਂ ਦੇ ਨਾਲ ਕਾੱਲਿੰਗ ਜਾਂ ਵੀਡੀਓ ਚੈਟਿੰਗ ਕਰਨਾ ਅਤੇ ਪਟਾਕਿਆਂ ਦਾ ਆਭਾਸੀ (ਵਰਚੁਅਲ) ਡਿਸਪਲੇ ਦੇਖਣਾ।

ਹਾਲਾਂਕਿ ਇਸਦੀ ਸਲਾਹ ਨਹੀਂ ਦਿੱਤੀ ਜਾਂਦੀ ਹੈ, ਫਿਰ ਵੀ ਜੋ ਲੋਕ ਆਪਣੇ ਘਰ ਵਿੱਚ ਰਹਿਣ ਵਾਲੇ ਪਰਿਵਾਰਕ ਮੈਂਬਰਾਂ ਤੋਂ ਬਾਹਰ ਦੇ ਲੋਕਾਂ ਨਾਲ ਜਸ਼ਨ ਮਨਾਉਣ ਦੀ ਚੋਣ ਕਰਦੇ ਹਨ, ਸਿਟੀ ਉਹਨਾਂ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਉਹ ਸਰੀਰਕ ਦੂਰੀ ਬਣਾ ਕੇ ਰੱਖਣ ਅਤੇ ਸਾਰੀਆਂ ਇਨਡੋਰ ਜਨਤਕ ਥਾਵਾਂ ਵਿੱਚ ਮਾਸਕ ਪਹਿਨਣ ਸਮੇਤ, ਕੋਵਿਡ-19 ਤੋਂ ਸੁਰੱਖਿਆ ਸਬੰਧੀ ਸਾਰੀਆਂ ਸਾਵਧਾਨੀਆਂ ਵਰਤਣ। ਸਮਾਜਿਕ ਇਕੱਠਾਂ ਨੂੰ ਇਨਡੋਰ 10 ਵਿਅਕਤੀਆਂ ਅਤੇ ਆਉਟਡੋਰ 25 ਵਿਅਕਤੀਆਂ ਤੱਕ ਹੀ ਰੱਖਿਆ ਜਾਣਾ ਲਾਜ਼ਮੀ ਹੈ।

ਜੋ ਨਿਵਾਸੀ ਆਪਣੇ ਗੁਰਦੁਆਰੇ ਜਾਂ ਮੰਦਰ ਵਿਖੇ, ਵਿਅਕਤੀਗਤ ਜਸ਼ਨਾਂ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਦੇ ਹਨ, ਉਹਨਾਂ ਲਈ ਲਾਜ਼ਮੀ ਹੈ ਕਿ ਉਹ ਸਰੀਰਕ ਦੂਰੀ ਬਣਾ ਕੇ ਰੱਖਣ ਅਤੇ ਸਾਰੀਆਂ ਇਨਡੋਰ ਜਨਤਕ ਥਾਵਾਂ ਵਿੱਚ ਮਾਸਕ ਪਹਿਨਣ ਸਮੇਤ, ਕੋਵਿਡ-19 ਤੋਂ ਸੁਰੱਖਿਆ ਸਬੰਧੀ ਸਾਰੀਆਂ ਸਾਵਧਾਨੀਆਂ ਵਰਤਣ।

ਬ੍ਰੈਂਪਟਨ ਕੋਵਿਡ-19 ਐਮਰਜੈਂਸੀ ਮੇਜਰਸ ਬਾਇ-ਲਾਅ (Brampton COVID-19 Emergency Measures By-law) ਹੇਠ, ਸਰੀਰਕ ਦੂਰੀ ਦੇ ਵਿਧਾਨ ਦੀ ਪਾਲਣਾ ਨਾ ਕਰਨ ਵਾਲੇ ਲੋਕਾਂ ਤੇ, ਉਲੰਘਣਾ ਦੇ ਹਰੇਕ ਅਪਰਾਧ ਲਈ ਘੱਟੋ-ਘੱਟ 500 ਡਾਲਰ ਦਾ ਅਤੇ ਵੱਧ ਤੋਂ ਵੱਧ 100,000 ਡਾਲਰ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ।

ਇਸ ਬਾਇ-ਲਾਅ ਦੇ ਅਧੀਨ ਆਉਣ ਵਾਲੇ ਮਿਉਨਿਸਿਪਲ ਵਿਧਾਨਾਂ ਦੇ ਮੁਤਾਬਕ:

- ਹਰੇਕ ਵਿਅਕਤੀ, ਜਨਤਕ ਪ੍ਰਾਪਰਟੀ ਤੇ ਹੋਣ ਵੇਲੇ, ਹਰੇਕ ਦੂਜੇ ਵਿਅਕਤੀ ਤੋਂ ਘੱਟੋ-ਘੱਟ 2.0 ਮੀਟਰ ਦੀ ਦੂਰੀ ਰੱਖੇਗਾ, ਉਹਨਾਂ ਵਿਅਕਤੀਆਂ ਨੂੰ ਛੱਡ ਕੇ, ਜੋ ਇੱਕੋ ਘਰ ਵਿੱਚ ਇਕੱਠੇ ਰਹਿੰਦੇ ਹਨ
- ਕੋਈ ਵੀ ਕਾਰੋਬਾਰੀ, ਦੁਕਾਨ ਦੇ ਅੰਦਰ ਜਾਂ ਬਾਹਰ, ਕਿਸੇ ਵੀ ਵਿਅਕਤੀ ਨੂੰ, ਹਰੇਕ ਦੂਜੇ ਵਿਅਕਤੀ ਤੋਂ 2.0 ਮੀਟਰ ਤੋਂ ਘੱਟ ਦੂਰ ਬੈਠਣ ਜਾਂ ਖੜ੍ਹੇ ਹੋਣ ਦੇਣ ਦੀ ਇਜਾਜ਼ਤ ਨਹੀਂ ਦੇਵੇਗਾ, ਉਹਨਾਂ ਵਿਅਕਤੀਆਂ ਨੂੰ ਛੱਡ ਕੇ, ਜੋ ਇੱਕੋ ਘਰ ਵਿੱਚ ਇਕੱਠੇ ਰਹਿੰਦੇ ਹਨ ਜਾਂ ਕਾਰੋਬਾਰੀ ਦੇ ਕਰਮਚਾਰੀ ਹਨ।

ਇਸਦੀ ਪਾਲਣਾ ਨਾ ਹੋਣ ਬਾਰੇ ਰਿਪੋਰਟ ਕਰਨ ਲਈ, ਨਿਵਾਸੀ ਅਤੇ ਕਾਰੋਬਾਰੀ 311 ਤੇ ਫੋਨ ਕਰ ਸਕਦੇ ਹਨ।

**ਸਪੋਰਟ ਲੋਕਲ**

ਸਿਟੀ, ਨਿਵਾਸੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਇਹਨਾਂ ਜਸ਼ਨਾਂ ਦੇ ਦੌਰਾਨ ਲੋਕਲ ਫੂਡ ਬੈਂਕਾਂ ਜਾਂ ਭਾਈਚਾਰਕ ਸਮੂਹਾਂ ਨੂੰ ਦਾਨ ਕਰਨ ਅਤੇ ਇਸ ਸਮੇਂ ਦੌਰਾਨ ਲੋਕਲ, ਛੋਟੇ ਕਾਰੋਬਾਰੀਆਂ ਅਤੇ ਰੈਸਟੋਰੈਂਟਾਂ ਨੂੰ ਸਹਿਯੋਗ ਕਰਨ ਬਾਰੇ ਸੋਚਣ।

**ਪਟਾਕਿਆਂ ਤੋਂ ਸੁਰੱਖਿਆ**

ਦੀਵਾਲੀ, ਸਾਲ ਵਿੱਚ ਉਹਨਾਂ ਚਾਰ ਛੁੱਟੀਆਂ ਵਿੱਚੋਂ ਇੱਕ ਹੈ, ਜਦੋਂ ਬ੍ਰੈਂਪਟਨ ਵਿੱਚ ਇਜਾਜ਼ਤ ਲਏ ਬਿਨਾਂ, ਨਿੱਜੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਬਾਇ-ਲਾਅ ਦੇ ਅਧੀਨ, ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day) ਅਤੇ ਨਵੇਂ ਸਾਲ (New Year's Eve) ਨੂੰ ਵੀ ਪਟਾਕੇ ਚਲਾਉਣ ਦੀ ਇਜਾਜ਼ਤ ਹੁੰਦੀ ਹੈ। ਇਸ ਸਾਲ, ਬ੍ਰੈਂਪਟਨ ਵਿੱਚ ਨਿੱਜੀ ਪ੍ਰਾਪਰਟੀ ਤੇ, ਛੋਟੀ ਰੇਂਜ ਦੇ ਪਟਾਕੇ ਚਲਾਉਣ ਦੀ ਇਜਾਜ਼ਤ, ਸਿਰਫ਼ ਸ਼ਨੀਵਾਰ, 14 ਨਵੰਬਰ ਨੂੰ ਹੀ ਹੈ।

ਛੋਟੀ-ਰੇਂਜ਼ ਦੇ ਪਟਾਕੇ ਅਜਿਹੇ ਪਟਾਕੇ ਹਨ, ਜੋ ਚਲਾਏ ਜਾਣ ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਪਟਾਕਿਆਂ ਨੂੰ ਗਲੀ ਵਿੱਚ, ਪਗਡੰਡੀਆਂ ਤੇ, ਸਿਟੀ ਦੇ ਪਾਰਕਾਂ ਦੇ ਅੰਦਰ ਜਾਂ ਮਿਊਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਜ ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ।

ਨਿਜੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਨਿਵਾਸੀਆਂ ਲਈ ਇਹਨਾਂ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਆਪਣੇ ਕੋਲ ਪਾਣੀ ਦਾ ਕੰਟੇਨਰ ਜਾਂ ਪਾਣੀ ਨਾਲ ਭਰੀ ਕੋਈ ਹੋਜ਼ ਲਾਈਨ ਰੱਖੋ, ਜੋ ਪਟਾਕੇ ਬੁਝਾਉਣ ਲਈ ਉਪਲਬਧ ਹੋਵੇ
- ਫੁਲਝੜੀ ਨੂੰ ਛੱਡ ਕੇ, ਕਦੇ ਵੀ ਪਟਾਕੇ ਨੂੰ ਆਪਣੇ ਹੱਥ ਵਿੱਚ ਫੜ੍ਹ ਕੇ ਅੱਗ ਨਾ ਲਗਾਓ ਜਾਂ ਅੱਗ ਲੱਗੇ ਪਟਾਕੇ ਨੂੰ ਹੱਥ ਵਿੱਚ ਨਾ ਫੜ੍ਹੋ।
- ਕਦੇ ਵੀ ਪਟਾਕਿਆਂ ਨੂੰ ਹੋਰਾਂ ਲੋਕਾਂ ਤੇ ਨਾ ਸੁੱਟੋ ਜਾਂ ਉਹਨਾਂ ਵੱਲ ਕਰਕੇ ਨਾ ਚਲਾਓ।
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਨੂੰ ਸੁੱਟਣ ਤੋਂ ਪਹਿਲਾਂ, ਪੂਰੀ ਤਰ੍ਹਾਂ ਨਾਲ ਠੰਡਾ ਹੋਣ ਦੇਣ ਲਈ ਪਾਣੀ ਦੇ ਕੰਟੇਨਰ ਵਿੱਚ ਪਾ ਦਿਓ।
- ਸਾਰੇ ਪਟਾਕਿਆਂ ਨੂੰ ਸੁੱਟਣ ਤੋਂ ਪਹਿਲਾਂ, ਉਹਨਾਂ ਨੂੰ ਪੂਰੀ ਤਰ੍ਹਾਂ ਠੰਡਾ ਹੋਣ ਦਿਓ।

ਪਟਾਕਿਆਂ ਤੋਂ ਸੁਰੱਖਿਆ ਤੇ ਬਾਇ-ਲਾਅਜ ਬਾਰੇ ਹੋਰ ਜਾਣਕਾਰੀ ਲਈ, www.brampton.ca/fireworks ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca